# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਮੈਡੀਕਲ ਅਤੇ ਨਾਨ-ਮੈਡੀਕਲ ਗਰੁੱਪ) (ਵੈਬਸਾਈਟ ਰਾਹੀਂ)।

ਮੀਮੋ ਨੰ.: 24/35/2008/ਪੀ.ਈ.ਐਸ/ਕਰੈਸ਼ ਕੋਰਸ/7955-56
ਮਿਤੀ: .15.. ਦਸੰਬਰ, 2015.

**ਵਿਸ਼ਾ: 12ਵੀਂ ਜਮਾਤ ਦੇ ਮੈਡੀਕਲ ਅਤੇ ਨਾਨ-ਮੈਡੀਕਲ ਦੇ ਵਿਦਿਆਰਥੀਆਂ ਲਈ ਮੁਕਾਬਲੇ ਅਤੇ ਸਲਾਨਾ ਪ੍ਰੀਖਿਆ ਦੀ ਤਿਆਰੀ ਲਈ ਮਿਤੀ 07.01.2016 ਤੋਂ ਐਜੂਸੈਟ ਰਾਹੀਂ ਸਪੈਸ਼ਲ ਪ੍ਰੋਗਰਾਮ ਸ਼ੁਰੂ ਕਰਨ ਸਬੰਧੀ।**

ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਲਈ 07.01.2016 ਤੋਂ 12.02.2016 ਤੱਕ ਐਜੂਸੈਟ ਰਾਹੀਂ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਕ੍ਰਿਪਾ ਕਰਕੇ ਇਸ ਸ਼ਡਿਊਲ ਅਨੁਸਾਰ 12ਵੀਂ ਦੇ ਸਬੰਧਤ ਵਿਦਿਆਰਥੀਆਂ ਨੂੰ ਇਹ ਪ੍ਰੋਗਰਾਮ ਵਿਸ਼ਾ ਅਧਿਆਪਕਾਂ ਦੀ ਹਾਜ਼ਰੀ ਵਿੱਚ ਐਜੂਸੈਟ ਕਮਰੇ ਵਿੱਚ ਅਟੈਂਡ ਕਰਵਾਏ ਜਾਣ। ਐਜੂਸੈਟ ਟਾਈਮ ਟੇਬਲ ਅਨੁਸਾਰ ਹੁਣ ਅੱਧੀ ਛੁੱਟੀ ਤੋਂ ਬਾਅਦ ਪਹਿਲਾ ਨਿਰਧਾਰਿਤ ਐਜੂਸੈਟ ਪ੍ਰੋਗਰਾਮਾਂ ਦੀ ਥਾਂ ਤੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਪ੍ਰਸਾਰਿਤ ਹੋਣਗੇ, ਪ੍ਰੰਤੂ ਇਹ ਪ੍ਰੋਗਰਾਮ ਸਰਕਾਰੀ ਛੁੱਟੀ ਵਾਲੇ ਦਿਨ ਪ੍ਰਸਾਰਿਤ ਨਹੀਂ ਕੀਤੇ ਜਾਣਗੇ।

| Sr. No. | Day | Time | | |
|---|---|---|---|---|
| | | 01:00 PM to 02:05 PM | 02:05 PM to 02:15 PM | 02:15 PM to 03:20 PM |
| 1. | Monday | Physics | Break | Maths |
| 2. | Tuesday | Chemistry | | Biology |
| 3. | Wednesday | Physics | | Maths |
| 4. | Thursday | Chemistry | | Biology |
| 5. | Friday | Physics | | Maths |
| 6. | Saturday | Chemistry | | Biology |

ਸਲਾਨਾ ਪ੍ਰੀਖਿਆਵਾਂ ਦੀ ਤਿਆਰੀ ਅਤੇ ਮੁਕਾਬਲੇ ਦੀ ਪ੍ਰੀਖਿਆ ਲਈ 11ਵੀਂ ਅਤੇ 12ਵੀਂ ਦੇ ਸਿਲੇਬਸ ਵਿੱਚੋਂ ਐਜੂਸੈਟ ਦੇ ਵਿਸ਼ਾ ਮਾਹਿਰਾਂ ਵੱਲੋਂ 12ਵੀਂ ਜਮਾਤ ਦੇ ਸਬੰਧਤ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਜਾਵੇਗੀ।

ਮਿਤੀ 07.01.2016 ਨੂੰ ਇਸ ਪ੍ਰੋਗਰਾਮ ਦਾ ਇੰਟਰੋਡਕਟਰੀ ਸੈਸ਼ਨ 01:00 ਤੋਂ 01:15 ਤੱਕ ਹੋਵੇਗਾ। ਐਜੂਸੈਟ ਦੇ ਅੱਧੀ ਛੁੱਟੀ ਤੋਂ ਬਾਅਦ ਹੋਰ ਜਮਾਤਾਂ ਦੇ ਪਹਿਲਾਂ ਦੇ ਨਿਰਧਾਰਤ ਪੀਰੀਅਡ ਵਿਸ਼ਾ ਅਧਿਆਪਕਾਂ ਦੁਆਰਾ ਲਏ ਜਾਣਗੇ। ਕ੍ਰਿਪਾ ਕਰਕੇ ਇਸ ਪ੍ਰੋਗਰਾਮ ਦੀ ਫੀਡਬੈਕ http://goo.gl/forms/FTN8oQjnpp ਤੇ ਵੀ ਜਰੂਰ ਦਿੱਤੀ ਜਾਵੇ ਜੀ ਤਾਂ ਜੋ ਪ੍ਰੋਗਰਾਮਾਂ ਵਿੱਚ ਹੋਰ ਬਿਹਤਰੀ ਕੀਤੀ ਜਾ ਸਕੇ।

ਸਟਡੀ ਮਟੀਰੀਅਲ ਦੀ ਸਾਫਟ ਕਾਪੀ ਐਸ.ਐਸ.ਏ ਦੀ ਵੈਬਸਾਈਟ www.ssapunjab.org ਤੇ ਉਪਲਬਧ ਕਰਵਾਈ ਜਾ ਰਹੀ ਹੈ ਅਤੇ ਇਸ ਦੀ ਇੱਕ ਕਾਪੀ ਜਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਨੂੰ ਅੱਗੇ ਸਬੰਧਤ ਸਕੂਲਾਂ ਨੂੰ ਫਾਰਵਰਡ ਕਰਨ ਲਈ ਈ-ਮੇਲ ਤੇ ਵੀ ਭੇਜੀ ਜਾ ਰਹੀ ਹੈ। ਸਕੂਲ ਮੁੱਖੀ ਕ੍ਰਿਪਾ ਕਰਕੇ ਇਸ ਸਟਡੀ ਮਟੀਰੀਅਲ ਦੀ ਸਾਫਟ ਕਾਪੀ ਐਜੂਸੈਟ ਈ-ਲਾਈਬਰੇਰੀ ਤੇ ਆਪਣੀ ਨਿਗਰਾਨੀ ਵਿੱਚ ਅੱਪਲੋਡ ਕਰਵਾ ਦੇਣ ਤਾਂ ਜੋ ਵਿਦਿਆਰਥੀ ਆਪਣੀ ਲੋੜ ਅਨੁਸਾਰ ਇਸ ਨੂੰ ਵਰਤ ਸਕਣ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/35/2008/ਪੀ.ਈ.ਐਸ/ਕਰੈਸ਼ ਕੋਰਸ/7957
ਮਿਤੀ: 15.12.2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/123/2013/ਪੀ.ਈ.ਐਸ/ਆਰ.ਪੀ/7722, ਮਿਤੀ 28.05.2015 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਈਟ ਅਤੇ ਇਨਸਰਵਿਸ ਟ੍ਰੇਨਿੰਗ ਸੈਂਟਰ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਕ੍ਰਿਪਾ ਕਰਕੇ ਵੈਬਸਾਈਟ ਤੇ ਮਲਟੀਮੀਡੀਆ ਕੰਟੈਂਟ ਅਤੇ ਉਪਰੋਕਤ ਪੱਤਰ ਉਪਲਬਧ ਕਰਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ